# ਤੁਹਾਡੇ ਇਲਾਕੇ ਵਿੱਚ ਹੜ੍ਹ ਦੇ ਖ਼ਤਰੇ
# Flood Hazards in Your Area

ਕੀ ਤੁਹਾਨੂੰ ਹੜ੍ਹ ਦੇ ਖ਼ਤਰਿਆਂ ਬਾਰੇ ਇੰਨਾ ਪਤਾ ਹੈ ਜਿੰਨਾ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ? ਭਾਵੇਂ ਕਿ ਮਿਊਂਸਪਲ, ਸੂਬਾਈ ਅਤੇ ਕੇਂਦਰੀ ਸਰਕਾਰਾਂ ਲੋਕਾਂ ਨੂੰ ਉਨ੍ਹਾਂ ਦੇ ਇਲਾਕਿਆਂ ਵਿੱਚ ਹੜ੍ਹ ਦੀਆਂ ਸੰਭਾਵਨਾਵਾਂ ਬਾਰੇ ਜਾਣਕਾਰੀ ਦਿੰਦੀਆਂ ਹਨ; ਪਰ ਤੁਸੀਂ ਆਪਣੇ ਪਰਿਵਾਰ ਅਤੇ ਆਪਣੀ ਜਾਇਦਾਦ ਨੂੰ ਖ਼ਤਰਾ ਘਟਾਉਣ ਲਈ ਅੱਜ ਹੀ ਕਦਮ ਚੁੱਕਣੇ ਸ਼ੁਰੂ ਕਰ ਸਕਦੇ ਹੋ।

- ***ਖ਼ਤਰਿਆਂ ਤੋਂ ਵਾਕਫ ਹੋਵੋ*** - ਕੀ ਤੁਸੀਂ ਨੀਵੇਂ ਇਲਾਕੇ ਵਿੱਚ ਰਹਿੰਦੇ ਹੋ ਜਿੱਥੇ ਹੜ੍ਹ ਆਉਣ ਦੀ ਸੰਭਾਵਨਾ ਹੋ ਸਕਦੀ ਹੈ?
- ***ਵਿਉਂਤ ਬਣਾਉ*** - ਇਹ ਪੱਕਾ ਕਰੋ ਕਿ ਤੁਹਾਡਾ ਪਰਿਵਾਰ ਇਹ ਜਾਣਦਾ ਹੋਵੇ ਕਿ ਕਿਸੇ ਐਮਰਜੰਸੀ ਵਿੱਚ ਕੀ ਕਰਨਾ ਹੈ
- ***ਇਕ ਕਿੱਟ ਤਿਆਰ ਕਰੋ*** - ਐਮਰਜੰਸੀ ਲਈ ਇੱਕ ਨਿੱਜੀ ਕਿੱਟ ਕੋਲ ਰੱਖੋ ਅਤੇ ਘੱਟੋ ਘੱਟ 72 ਘੰਟਿਆਂ ਲਈ ਬਿਨਾਂ ਮਦਦ ਦੇ ਆਪਣੇ ਆਪ ਰਹਿਣ ਲਈ ਤਿਆਰ ਰਹੋ

ਹੜ੍ਹ ਦੇ ਪਾਣੀ ਨੁਕਸਾਨਦੇਹ ਹੋ ਸਕਦੇ ਹਨ, ਅਤੇ ਬਹੁਤ ਸਾਰੇ ਲੋਕ ਵਗਦੇ ਪਾਣੀ ਦੀ ਤਾਕਤ ਨੂੰ ਘਟਾ ਕੇ ਦੇਖਦੇ ਹਨ। ਆਮ ਕਰਕੇ ਲੋਕਾਂ ਨੂੰ ਪਾਣੀ ਵਿੱਚ ਤੁਰਨ ਜਾਂ ਗੱਡੀ ਚਲਾਉਣ ਜਾਂ ਹੜ੍ਹ ਦੇ ਪਾਣੀਆਂ ਨਾਲ ਠਾਠਾਂ ਮਾਰਦੇ ਦਰਿਆਵਾਂ ਜਾਂ ਨਦੀਆਂ ਦੇ ਬਹੁਤ ਨੇੜੇ ਜਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਛੋਟੀਆਂ ਨਦੀਆਂ, ਕੰਢਿਆਂ ਉੱਪਰ ਦੀ ਵਗ ਸਕਦੀਆਂ ਹਨ ਅਤੇ ਕਿਨਾਰਿਆਂ ਨੂੰ ਵਾਢਾ ਲਾ ਸਕਦੀਆਂ ਹਨ, ਗਾਰੇ ਅਤੇ ਧਰਤੀ ਨੂੰ ਖਿਸਕਾ ਸਕਦੀਆਂ ਹਨ, ਸੜਕਾਂ ਨੂੰ ਰੋੜ੍ਹ ਕੇ ਲਿਜਾ ਸਕਦੀਆਂ ਹਨ ਅਤੇ ਪੁਲਾਂ ਨੂੰ ਤਬਾਹ ਕਰ ਸਕਦੀਆਂ ਹਨ, ਇਲਾਕਿਆਂ ਨੂੰ ਵੱਖ ਕਰ ਸਕਦੀਆਂ ਹਨ ਅਤੇ ਬੱਚਿਆਂ, ਬਜ਼ੁਰਗਾਂ, ਪਾਲਤੂ ਜਾਨਵਰਾਂ ਅਤੇ ਪਸ਼ੂਆਂ ਨੂੰ ਖ਼ਤਰੇ ਵਿੱਚ ਪਾ ਸਕਦੀਆਂ ਹਨ। ਹੜ੍ਹ ਦੇ ਪਾਣੀਆਂ ਵਿੱਚ ਮਲਬਾ ਰੁੜ੍ਹਿਆ ਜਾ ਸਕਦਾ ਹੈ, ਜਿਵੇਂ ਟਾਹਣੀਆਂ, ਦਰਖ਼ਤ, ਬਿਲਡਿੰਗਾਂ ਦੇ ਹਿੱਸੇ ਅਤੇ ਇੱਥੋਂ ਤੱਕ ਕਿ ਪੂਰੇ ਘਰ ਵੀ ਰੁੜ੍ਹ ਸਕਦੇ ਹਨ। ਇਸ ਤੋਂ ਇਲਾਵਾ, ਖੂਹ ਅਤੇ ਪਾਣੀ ਦੇ ਭੰਡਾਰ ਦੂਸ਼ਿਤ ਹੋ ਸਕਦੇ ਹਨ, ਇਸ ਕਰਕੇ ਪਾਣੀ ਨੂੰ ਉਬਾਲਣ ਦੀਆਂ ਸਲਾਹਾਂ ਨੂੰ ਸੁਣਨਾ ਜ਼ਰੂਰੀ ਹੋ ਜਾਂਦਾ ਹੈ।

ਜੇ ਤੁਹਾਡੇ ਇਲਾਕੇ ਵਿੱਚ ਹੜ੍ਹ ਦਾ ਖ਼ਤਰਾ ਵਧ ਜਾਂਦਾ ਹੈ ਤਾਂ ਸਥਾਨਕ ਸਰਕਾਰ ਦੇ ਅਧਿਕਾਰੀਆਂ ਵਲੋਂ ਸੁਰੱਖਿਆ ਦੇ ਸਬੰਧ ਵਿੱਚ ਦਿੱਤੀ ਗਈ ਜਾਣਕਾਰੀ ਅਤੇ ਹਿਦਾਇਤਾਂ ਨੂੰ ਸੁਣੋ। ਹੜ੍ਹ ਦੇ ਗੰਭੀਰ ਖ਼ਤਰੇ ਦੇ ਕੇਸ ਵਿੱਚ ਆਪਣੇ ਸਥਾਨਕ ਅਧਿਕਾਰੀਆਂ ਤੋਂ ਸੇਧਾਂ ਲੈਣ ਲਈ ਸਥਾਨਕ ਰੇਡੀਓ ਸਟੇਸ਼ਨਾਂ ਨੂੰ ਸੁਣਦੇ ਰਹੋ।

*ਸੰਪਰਕ:*